ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-2624673, ਫੈਕਸ ਨੰ: 2624687 ਈ-ਮੇਲ : dgsepunjab18@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ)
ਪੰਜਾਬ।

ਮੀਮੋ ਨੰ: ਇੰਨਫੋਰਸਮੈਂਟ/2013/Spl.01
ਮਿਤੀ,ਚੰਡੀਗੜ੍ਹ: 28.1.2013

ਵਿਸ਼ਾ: ਸਜ਼ਾਯਾਫਤਾ 7 ਕਰਮਚਾਰੀਆਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਨੂੰ ਵੱਖ ਵੱਖ ਕੋਰਟਾਂ ਵੱਲੋਂ ਸਜ਼ਾਵਾਂ ਹੋਣ ਕਾਰਨ ਨੌਕਰੀ ਤੋਂ ਬਰਖਾਸਤ ਕੀਤਾ ਗਿਆ ਹੈ । ਇਹਨਾਂ ਦੇ ਬਰਖਾਸਤੀ ਹੁਕਮਾਂ ਦੀ ਕਾਪੀ ਜਾਣਕਾਰੀ ਹਿੱਤ ਨਾਲ ਨੱਥੀ ਕੀਤੀ ਜਾਂਦੀ ਹੈ ।

| ਲੜੀ ਨੰ: | ਬਰਖਾਸਤ ਕੀਤੇ ਕਰਮਚਾਰੀ ਦਾ ਵੇਰਵਾ | ਫੌਜਦਾਰੀ ਜ਼ਾਬਤੇ ਦੀਆਂ ਜਿਨ੍ਹਾਂ ਧਾਰਾਵਾਂ ਅਧੀਨ ਸਜ਼ਾ ਹੋਈ | ਕੀਤੀ ਗਈ ਸਜ਼ਾ/ਜੁਰਮਾਨਾ |
|---|---|---|---|
| 1 | ਗੁਰਵਿੰਦਰ ਸਿੰਘ ਲੈਕਚਰਾਰ ਸਰੀਰਕ ਸਿੱਖਿਆ , ਸ.ਸ.ਸ.ਸ ਰਾਮਸਰਾਂ, ਜ਼ਿਲ੍ਹਾ ਫਾਜਿਲਕਾ | ਐਫ.ਆਈ.ਆਰ.ਨੰ: 249 ਮਿਤੀ 25.8.2005 ਅਧੀਨ ਧਾਰਾ 364,325,324,323,ਆਈ.ਪੀ.ਸੀ ਥਾਣਾ ਫਾਜਿਲਕਾ | ਢਾਈ ਸਾਲ ਦੀ ਕੈਦ ਅਤੇ ਇਕ ਹਜ਼ਾਰ ਰੁਪਏ ਜੁਰਮਾਨਾ |
| 2 | ਸ੍ਰੀ ਰਮੇਸ਼ ਲਾਲ ਦਹੀਆ ਲੈਕਚਰਾਰ ਹਿਸਟਰੀ ਸ.ਸ.ਸ.ਸ ਮੁੰਡੇ ਸਰਦੂਲਗੜ੍ਹ ਹੁਣ ਸ.ਸ.ਸ.ਸ ਆਹਲੂਪੁਰ, ਜ਼ਿਲ੍ਹਾ ਮਾਨਸਾ | ਐਫ.ਆਈ.ਆਰ.ਨੰ: 30 ਮਿਤੀ 8.11.2005 ਅਧੀਨ ਧਾਰਾ 467,468, 471,409,120ਬੀ ਆਈ.ਪੀ.ਸੀ ਅਤੇ ਧਾਰਾ 13(1) ਡੀ.ਰੈਡਵਿਦ13(2)ਪੀ.ਸੀ.ਐਕਟ 1988 ਥਾਣਾ ਵਿਜੀਲੈਂਸ ਬਿਊਰੋ ਬਠਿੰਡਾ | ਇਕ ਸਾਲ ਦੀ ਕੈਦ ਅਤੇ 5000/-ਰੁਪਏ ਜੁਰਮਾਨਾ |
| 3 | ਸ੍ਰੀ ਨਰਿੰਦਰ ਪਾਲ ਸਿੰਘ ਮੈਥ ਮਾਸਟਰ, ਸ.ਹ.ਸ ਬਹੋਨਾ(ਹੁਣ ਸ.ਹ.ਸ ਧੱਲੇ ਕੇ) ਜ਼ਿਲ੍ਹਾ ਮੋਗਾ | ਸ਼ਿਕਾਇਤ ਨੰ: ਆਰ.ਟੀ-53-2 ਆਫ 9.4.2011 ਦਰਜ ਹੋਈ ਸੀ ਜਿਸ ਵਿੱਚ ਇਸ ਕਰਮਚਾਰੀ ਵਿਰੁੱਧ 138,142ਐਨ.ਆਈ.ਐਕਟ ਦੇ ਅਧੀਨ ਕੇਸ ਦਰਜ ਕੀਤਾ ਗਿਆ | ਦੋ ਸਾਲ ਦੀ ਕੈਦ ਅਤੇ 5000/- ਰੁਪਏ ਜੁਰਮਾਨਾ |
| 4 | ਸੁਰਿੰਦਰ ਕੁਮਾਰ ਸਾਇੰਸ ਮਾਸਟਰ ਸ.ਸ.ਸ.ਸ ਕਿੱਲੀ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ | ਐਫ.ਆਈ.ਆਰ.ਨੰ: 34 ਮਿਤੀ 29.3.2009 ਅ/ਧ 376/506 ਆਫ ਇੰਡੀਅਨ ਪੈਨਲ ਕੋਡ ਥਾਣਾ ਗਿੱਦੜਬਾਹਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ | 7 ਸਾਲ ਦੀ ਕੈਦ ਅਤੇ 10000/- ਰੁਪਏ ਜੁਰਮਾਨਾ |
| 5. | ਗੁਰਿੰਦਰ ਸਿੰਘ ਕਲਰਕ ਸ.ਸ.ਸ.ਸ ਸਰਦੂਲਗੜ੍ਹ (ਮਾਨਸਾ) ਹੁਣ ਸ.ਸ.ਸ.ਸ ਨੂਰ ਮਹਿਲ, ਜ਼ਿਲ੍ਹਾ ਜਲੰਧਰ | ਐਫ.ਆਈ.ਆਰ.ਨੰ: 30 ਮਿਤੀ 8.11.2005 ਅ/ਧ 467,468,471,409, 120 ਬੀ.ਆਈ.ਪੀ.ਸੀ ਅਤੇ ਧਾਰਾ 13(1) ਡੀ.ਰੈਡ ਵਿਦ 13(2) ਪੀ.ਸੀ.ਐਕਟ 1988 ਥਾਣਾ ਵਿਜੀਲੈਂਸ ਬਿਊਰੋ ਬਠਿੰਡਾ ਦਰਜ ਹੋਈ | ਇੱਕ ਸਾਲ ਦੀ ਕੈਦ ਅਤੇ 5000/- ਰੁਪਏ ਜੁਰਮਾਨਾ |

| | | | |
|---|---|---|---|
| 6. | ਅਰਵਿੰਦ ਕੁਮਾਰ ਕਲਰਕ ਸ.ਸ.ਸ.ਸ ਬੱਸੀ ਪਠਾਣਾਂ(ਮੁੰਡੇ) ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਹੁਣ ਸ.ਸ.ਸ.ਸ ਕਲਿਆਣ(ਸੰਗਰੂਰ) | ਐਫ.ਆਈ.ਆਰ ਨੰ: 109 ਮਿਤੀ 13.9.2004 ਥਾਣਾ ਬੱਸੀ ਪਠਾਣਾਂ(ਫਤਿਹਗੜ੍ਹ ਸਾਹਿਬ) ਵਿਖੇ ਦਰਜ ਹੋਈ। ਅ/ਧ 409,467,468,471,420,120 ਬੀ.ਆਈ.ਪੀ.ਸੀ | ਦੋ ਸਾਲ ਦੀ ਕੈਦ ਅਤੇ 1000/- ਰੁਪਏ ਜੁਰਮਾਨਾ |
| 7 | ਤੇਜਿੰਦਰ ਪਾਲ ਸਿੰਘ ,ਐਸ.ਐਲ.ਏ ਸ.ਸ.ਸ.ਸ ਬੱਸੀ ਪਠਾਣਾਂ(ਮੁੰਡੇ) ਜ਼ਿਲ੍ਹਾ ਫਤਿਹਗੜ੍ਹ ਸਾਹਿਬ | ਐਫ.ਆਈ.ਆਰ ਨੰ: 109 ਮਿਤੀ 13.9.2004 ਥਾਣਾ ਬੱਸੀ ਪਠਾਣਾਂ(ਫਤਿਹਗੜ੍ਹ ਸਾਹਿਬ) ਵਿਖੇ ਦਰਜ ਹੋਈ। ਅ/ਧ 409,467,468,471,420,120 ਬੀ ਆਈ.ਪੀ.ਸੀ | ਦੋ ਸਾਲ ਦੀ ਕੈਦ ਅਤੇ 1000/- ਰੁਪਏ ਜੁਰਮਾਨਾ |

ਕੇ.ਐਸ.ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਸਕੱਤਰ ਸਕੂਲ ਸਿੱਖਿਆ, ਪੰਜਾਬ
ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।

ਨੰ: ਮਿਤੀ 28/1/13

## ਹੁਕਮ

1. ਇਹ ਕਿ ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਵਿਰੁੱਧ ਐਫ.ਆਈ.ਆਰ.ਨੰ: 249 ਮਿਤੀ 25.08.2005 ਅ/ਧ 364, 325, 324, 323 ਆਈ.ਪੀ.ਸੀ. ਥਾਣਾ ਫਾਜ਼ਿਲਕਾ ਦਰਜ ਹੋਈ ਸੀ।

2. ਇਹ ਕਿ ਮਾਨਯੋਗ ਵਧੀਕ ਸੈਸ਼ਨ ਜੱਜ, ਫਿਰੋਜ਼ਪੁਰ ਦੀ ਅਦਾਲਤ ਵੱਲੋਂ ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਨੂੰ ਉਕਤ ਧਾਰਾਵਾਂ ਅਧੀਨ ਹੇਠ ਲਿਖੇ ਅਨੁਸਾਰ ਕੈਦ ਅਤੇ ਜੁਰਮਾਨੇ ਦਾ ਫੈਸਲਾ ਕੀਤਾ ਹੈ:-

| Offence under Section | R.I. for | Fine | In default of payment of fine to undergo further RI for |
|---|---|---|---|
| 365/149 IPC | 2 years six months | Rs.1000/- | 15 days |
| 324/149 IPC | One year | - | - |
| 323/149 IPC | Six months | - | - |
| 148 IPC | One year | - | - |

All the sentences shall run concurrently. The period of detention already undergone by the convicts during enquiry, investigation or trial of this case shall be set of from the substantive sentence of imprisonment. The case property, be disposed off as per rules after expiry of appeal/revision as the case may and the outcome"

3 ਇਹ ਕਿ ਮਾਨਯੋਗ ਵਧੀਕ ਸੈਸ਼ਨ ਜੱਜ ਦੇ ਉਕਤ ਫੈਸਲੇ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਕਰੀਮਿਨਲ ਅਪੀਲ ਨੰ:1745 - ਐਸ.ਬੀ ਆਫ 2012 ਦਾਇਰ ਕੀਤੀ ਗਈ। ਮਾਨਯੋਗ ਹਾਈ ਕੋਰਟ ਵੱਲੋਂ ਉਕਤ ਕਰਿਮੀਨਲ ਅਪੀਲ ਵਿੱਚ ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਸਬੰਧੀ ਹੇਠ ਲਿਖੇ ਹੁਕਮ ਕੀਤੇ ਗਏ :-

"Meanwhile, sentence of the applicants-appellants shall remain suspended till further orders."

4. ਇਹ ਕਿ ਮਾਨਯੋਗ ਅਦਾਲਤ ਦੇ ਉਕਤ ਹੁਕਮਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਦੀ ਸਜ਼ਾ ਹੀ ਕੇਵਲ ਸਸਪੈਂਡ ਕੀਤੀ ਗਈ ਹੈ। ਉਸਦੀ conviction ਨਾ ਤਾਂ suspend ਕੀਤੀ ਗਈ ਹੈ ਅਤੇ ਨਾ ਹੀ ਉਸ ਨੂੰ ਦੋਸ਼ ਮੁਕਤ ਕੀਤਾ ਗਿਆ ਹੈ।

5. ਇਹ ਕਿ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਵੱਲੋਂ ਉਕਤ ਕੀਤੇ ਗੰਭੀਰ ਅਪਰਾਧਾਂ ਅਤੇ ਉਨ੍ਹਾਂ ਬਾਰੇ ਉਸ ਮਾਨਯੋਗ ਅਦਾਲਤ ਵੱਲੋਂ

ਉਕਤ ਅਨੁਸਾਰ ਦਿੱਤੀਆਂ ਸਜ਼ਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਸਾਰੇ ਪੱਖੋਂ ਗਹੁ ਨਾਲ ਵਿਚਾਰਦੇ ਹੋਏ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਅਜਿਹੇ ਕਰਮਚਾਰੀ ਨੂੰ ਸੇਵਾ ਵਿੱਚ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਇਸ ਲਈ ਮੈਂ, ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ, ਸਕੱਤਰ ਸਕੂਲ ਸਿੱਖਿਆ, ਪੰਜਾਬ, ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਨੂੰ ਨੌਕਰੀ ਤੇ ਰੱਖਣ ਅਤੇ ਕੱਢਣ ਦੇ ਅਧਿਕਾਰ ਰੱਖਦਾ ਹੋਇਆ ਉਸ ਨੂੰ ਤਤਕਾਲ ਸਮੇਂ ਤੋਂ (with immediate effect) ਭਾਰਤੀ ਸੰਵਿਧਾਨ ਦੀ ਧਾਰਾ 311 (ਦੀ ਪ੍ਰੋਵੀਜ਼ੋ 2(ਏ) ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ ) ਰੂਲਜ਼ 1970 ਨਾਲ ਪੜ੍ਹਦੇ ਹੋਏ ਸਰਕਾਰੀ ਸੇਵਾ ਤੋਂ ਬਰਖਾਸਤ (Dismiss) ਕਰਦਾ ਹਾਂ। ਇਸ ਕਰਮਚਾਰੀ ਵਿਰੁੱਧ ਲੱਗੇ ਦੋਸ਼ਾਂ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਮੁਅੱਤਲੀ ਸਮੇਂ ਦੌਰਾਨ ਜੋ ਤਨਖਾਹ/ਭੱਤੇ ਮਿਲ ਚੁੱਕੇ ਹਨ, ਇਸਤੋਂ ਇਲਾਵਾ ਹੋਰ ਕੁੱਝ ਨਹੀਂ ਮਿਲੇਗਾ ।

ਮਿਤੀ, ਚੰਡੀਗੜ੍ਹ

ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ
ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ।

ਪਿਠ ਅੰਕਣ ਨੰ: ਮਿਤੀ 28/10/15

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
3. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਫਾਜਿਲਕਾ।
4. ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ।

ਵਧੀਕ ਸਕੱਤਰ ਸਕੂਲ ਸਿੱਖਿਆ

ਸਕੱਤਰ ਸਕੂਲ ਸਿੱਖਿਆ ਪੰਜਾਬ
ਪੰਜਾਬ ਸਿਵਲ ਸਕੱਤਰੇਤ 2 ਸੈਕਟਰ 9 ਚੰਡੀਗੜ੍ਹ

ਨੰ: ਮਿਤੀ 28/11/13

ਹੁਕਮ

1. ਇਹ ਕਿ ਸ੍ਰੀ ਰਮੇਸ਼ ਲਾਲ ਦਹੀਆ ਲੈਕਚਰਾਰ ਹਿਸਟਰੀ ਸ.ਸ.ਸ.ਸ (ਮੁੰਡੇ) ਸਰਦੂਲਗੜ੍ਹ (ਹੁਣ ਸ.ਸ.ਸ.ਸ ਆਹਲੂਪੁਰ) ਜ਼ਿਲਾ ਮਾਨਸਾ ਵਿਰੁੱਧ ਐਫ.ਆਈ.ਆਰ.ਨੰ: 30 ਮਿਤੀ 08.11.2005 ਅ/ਧ 467,468, 471,409,120-ਬੀ ਆਈ.ਪੀ.ਸੀ. ਅਤੇ ਧਾਰਾ 13(1) ਡੀ. ਰੈਡ ਵਿਦ 13(2) ਪੀ.ਸੀ.ਐਕਟ 1988 ਥਾਣਾ ਵਿਜੀਲੈਂਸ ਬਿਊਰੋ ਬਠਿੰਡਾ ਦਰਜ ਹੋਈ ਸੀ ਜਿਸ ਵਿੱਚ ਉਸ ਵਿਰੁੱਧ ਪ੍ਰੀਖਿਆਵਾਂ ਸਤੰਬਰ 2003 ਵਿੱਚ ਬਾਰ੍ਹਵੀਂ ਜਮਾਤ ਦੀਆਂ ਉੱਤਰ ਪੱਤਰੀਆਂ ਗੁੰਮ ਕਰਨ ਦਾ ਦੋਸ਼ ਸੀ।

2. ਇਹ ਕਿ ਮਾਨਯੋਗ ਸਪੈਸ਼ਲ ਜੱਜ ਮਾਨਸਾ ਮਿਸ ਰੁਪਿੰਦਰਜੀਤ ਚਾਹਲ ਦੀ ਅਦਾਲਤ ਵੱਲੋਂ ਉਕਤ ਕਰਮਚਾਰੀ ਨੂੰ ਮਿਤੀ 21.01.2011 ਨੂੰ ਉਕਤ ਧਾਰਾਵਾਂ ਅਧੀਨ 1 ਸਾਲ ਦੀ ਕੈਦ ਅਤੇ 5000/- ਰੁ: ਜੁਰਮਾਨਾ ਦਾ ਫੈਸਲਾ ਸੁਣਾਉਂਦੇ ਹੋਏ ਕੇਸ ਦਾ ਫੈਸਲਾ ਕੀਤਾ ਗਿਆ ਹੈ।

> "I sentence all the accused-convicts under Section 465 IPC to under go rigorous imprisonment for one year each and to pay fine of Rs. 1000/- each in default of payment of fine to undergo rigorous imprisonment for 15 days. I also sentence all the accused-convicts under Section 467 IPC to under go rigorous imprisonment for one year each and to pay fine of Rs.1000/-, in default of payment of fine to undergo rigorous imprisonment for 15 days. I also sentence all the accused-convicts under Section 468 IPC to under go rigorous imprisonment for one year each and to pay fine of Rs. 1000/-each, in default of payment of fine to undergo rigorous imprisonment for 15 days. I also sentence all the accused-convicts under Section 409 IPC to under go rigorous imprisonment for one year each and to pay fine of Rs. 1000/- each, in default of payment of fine to undergo rigorous imprisonment for 15 days, I also sentence all the accused-convicts under Section 471 IPC to under go rigorous imprisonment for one year each and to pay fine of Rs. 1000/- each, in default of payment of fine to undergo rigorous imprisonment for 15 days I also sentence all the accused-convicts under Section 120-B IPC to undergo rigorous imprisonment for one year each and to pay fine of Rs. 1000/- each, in default of payment of fine to undergo rigorous imprisonment for 15 days."

3. ਇਹ ਕਿ ਮਾਨਯੋਗ ਸਪੈਸ਼ਲ ਜੱਜ ਦੇ ਉਕਤ ਫੈਸਲੇ ਮਿਤੀ 21.01.2011 ਵਿਰੁੱਧ ਸ੍ਰੀ ਰਮੇਸ਼ ਲਾਲ ਦਹੀਆ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਕਰੀਮਿਨਲ ਅਪੀਲ ਨੰ:449 - ਐਸ.ਬੀ ਆਫ 2011 ਦਾਇਰ ਕੀਤੀ ਗਈ। ਮਾਨਯੋਗ ਹਾਈ ਕੋਰਟ ਵੱਲੋਂ ਉਕਤ ਕਰਿਮੀਨਲ ਅਪੀਲ ਵਿੱਚ ਸ੍ਰੀ ਰਮੇਸ਼ ਲਾਲ ਦਹੀਆ ਦੀ ਸਜ਼ਾ ਸਸਪੈਂਡ ਕੀਤੀ। ਉਕਤ ਕਰਿਮੀਨਲ ਅਪੀਲ ਵਿੱਚ ਕਰਿਮੀਨਲ ਮਿਸਲੇਨੀਅਸ ਨੰ:9175-76 ਆਫ 2011 ਵਿੱਚ ਮਾਨਯੋਗ ਹਾਈ ਕੋਰਟ ਦੇ ਫੈਸਲੇ ਮਿਤੀ 03.02.2011 ਦਾ ਓਪਰੇਟਿਵ ਭਾਗ ਹੇਠ ਲਿਖੇ ਅਨੁਸਾਰ ਹੈ :-

> "The criminal miscellaneous application is allowed and the sentence of imprisonment of the appellant-applicant shall remain suspended subject to his furnishing personal bond and surety to the satisfaction of the learned Chief Judicial Magistrate, Mansa. The applicant/appellant shall intimate the

learned trial Court regarding his furnishing personal bond and surety before the learned Chief Judicial Magistrate, Mansa."

4. ਇਹ ਕਿ ਮਾਨਯੋਗ ਅਦਾਲਤ ਦੇ ਉਕਤ ਹੁਕਮਾਂ ਤੋਂ ਸਪਸ਼ਟ ਹੈ ਕਿ ਸ੍ਰੀ ਰਮੇਸ਼ ਲਾਲ ਦਹੀਆ, ਲੈਕਚਰਾਰ ਹਿਸਟਰੀ, ਸ.ਸ.ਸ.ਸ (ਮੁੰਡੇ) ਸਰਦੂਲਗੜ੍ਹ (ਹੁਣ ਸ.ਸ.ਸ.ਸ ਆਹਲੂਪੁਰ) ਜ਼ਿਲਾ ਮਾਨਸਾ ਦੀ ਸਜ਼ਾ ਹੀ ਕੇਵਲ ਸਸਪੈਂਡ ਕੀਤੀ ਗਈ ਹੈ । ਉਸਦੀ conviction ਨਾ ਤਾਂ suspend ਕੀਤੀ ਗਈ ਹੈ ਅਤੇ ਨਾ ਹੀ ਉਸ ਨੂੰ ਦੋਸ਼ ਮੁਕਤ ਕੀਤਾ ਗਿਆ ਹੈ।

5. ਇਹ ਕਿ ਸ੍ਰੀ ਰਮੇਸ਼ ਲਾਲ ਦਹੀਆ, ਲੈਕਚਰਾਰ ਹਿਸਟਰੀ ਸ.ਸ.ਸ.ਸ (ਮੁੰਡੇ) ਸਰਦੂਲਗੜ੍ਹ (ਹੁਣ ਸ.ਸ.ਸ.ਸ ਆਹਲੂਪੁਰ) ਜ਼ਿਲਾ ਮਾਨਸਾ ਵੱਲੋਂ ਉਕਤ ਕੀਤੇ ਗੰਭੀਰ ਅਪਰਾਧਾਂ ਅਤੇ ਉਨ੍ਹਾਂ ਬਾਰੇ ਉਸ ਮਾਨਯੋਗ ਅਦਾਲਤ ਵੱਲੋਂ ਉਕਤ ਅਨੁਸਾਰ ਦਿੱਤੀਆਂ ਸਜ਼ਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਸਾਰੇ ਪੱਖੋਂ ਗਹੁ ਨਾਲ ਵਿਚਾਰਦੇ ਹੋਏ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਅਜਿਹੇ ਕਰਮਚਾਰੀ ਨੂੰ ਸੇਵਾ ਵਿੱਚ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਇਸ ਲਈ ਮੈਂ, ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ, ਸਕੱਤਰ ਸਕੂਲ ਸਿੱਖਿਆ, ਪੰਜਾਬ, ਸ੍ਰੀ ਰਮੇਸ਼ ਲਾਲ ਦਹੀਆ, ਲੈਕਚਰਾਰ ਹਿਸਟਰੀ, ਸ.ਸ.ਸ.ਸ (ਮੁੰਡੇ) ਸਰਦੂਲਗੜ੍ਹ (ਹੁਣ ਸ.ਸ.ਸ.ਸ ਆਹਲੂਪੁਰ) ਜ਼ਿਲਾ ਮਾਨਸਾ ਨੂੰ ਨੌਕਰੀ ਤੇ ਰੱਖਣ ਅਤੇ ਕੱਢਣ ਦੇ ਅਧਿਕਾਰ ਰੱਖਦਾ ਹੋਇਆ ਉਸ ਨੂੰ ਤਤਕਾਲ ਸਮੇਂ ਤੋਂ (with immediate effect) ਭਾਰਤੀ ਸੰਵਿਧਾਨ ਦੀ ਧਾਰਾ 311 (ਦੀ ਪ੍ਰੋਵੀਜ਼ੋ 2(ਏ) ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ ) ਰੂਲਜ਼ 1970 ਨਾਲ ਪੜ੍ਹਦੇ ਹੋਏ ਸਰਕਾਰੀ ਸੇਵਾ ਤੋਂ ਬਰਖਾਸਤ (Dismiss) ਕਰਦਾ ਹਾਂ। ਇਸ ਕਰਮਚਾਰੀ ਵਿਰੁੱਧ ਲੱਗੇ ਦੋਸ਼ਾਂ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਮੁਅੱਤਲੀ ਸਮੇਂ ਦੌਰਾਨ ਜੋ ਤਨਖਾਹ/ਭੱਤੇ ਮਿਲ ਚੁੱਕੇ ਹਨ, ਇਸਤੋਂ ਇਲਾਵਾ ਹੋਰ ਕੁੱਝ ਨਹੀਂ ਮਿਲੇਗਾ ।

ਮਿਤੀ, ਚੰਡੀਗੜ੍ਹ

ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ
ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ।

ਪਿਠ ਅੰਕਣ ਨੰ: 382-385 ਮਿਤੀ 28/1/13

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
3. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਮਾਨਸਾ ।
4. ਸ੍ਰੀ ਰਮੇਸ਼ ਲਾਲ ਦਹੀਆ ਲੈਕਚਰਾਰ ਹਿਸਟਰੀ ਸ.ਸ.ਸ.ਸ (ਮੁੰਡੇ) ਸਰਦੂਲਗੜ੍ਹ (ਹੁਣ ਸ.ਸ.ਸ.ਸ ਆਹਲੂਪੁਰ) ਜ਼ਿਲਾ ਮਾਨਸਾ।

ਵਧੀਕ ਸਕੱਤਰ ਸਕੂਲ ਸਿੱਖਿਆ

# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ

ਫੋਨ ਨੰ: 0172-5015864-865,ਫੈਕਸ ਨੰ: 0172-2624687 ਈ.ਮੇਲ dgsepunjab18@gmail.com

ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2012/1000551-553 ਮਿਤੀ 22/01/2013

ਹੁਕਮ

1. ਸ੍ਰੀ ਨਰਿੰਦਰਪਾਲ ਸਿੰਘ ਮੈਥ ਮਾਸਟਰ ਸਰਕਾਰੀ ਹਾਈ ਸਕੂਲ ਬਹੋਨਾ (ਹੁਣ ਸ.ਹ.ਸ ਧੱਲੇ ਕੇ) ਜ਼ਿਲਾ ਮੋਗਾ ਵਿਰੁੱਧ ਸ਼ਿਕਾਇਤ ਨੰ: RT-53-2 of 09.04.2011 ਦਰਜ ਹੋਈ ਸੀ, ਜਿਸ ਵਿੱਚ ਉਸ ਇਸ ਕਰਮਚਾਰੀ ਵਿਰੁੱਧ 138,142 N.I Act ਦੇ ਅਧੀਨ ਕੇਸ ਦਰਜ ਕੀਤਾ ਗਿਆ ਸੀ।

2. ਸ਼੍ਰੀ ਸੁਰੇਸ਼ ਗੋਇਲ , ਪੀ.ਸੀ.ਐਸ. ਮਾਨਯੋਗ ਜੁਡੀਸ਼ੀਅਲ ਮੈਜਿਸਟਰੇਟ, ਮੋਗਾ ਨੇ ਮਿਤੀ 08.06.2011 ਨੂੰ ਉਕਤ ਕਰਮਚਾਰੀ ਨੂੰ ਉਕਤ ਧਾਰਾਵਾਂ ਅਧੀਨ 2 ਸਾਲ ਦੀ ਕੈਦ ਅਤੇ 5000 ਰੁ: ਜੁਰਮਾਨੇ ਦਾ ਫੈਸਲਾ ਸੁਣਾਉਂਦੇ ਹੋਏ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਸਨ:-

Hon'ble Supreme of India has laid down in judgment in case title Siriya @ Shri Pal vs. State of Madhaya Pradesh, reported in 2008(3), RCR(Criminal), 144, that: 'Undue symapathy to impose inadequate sentence would do more harm to the justice system to undermine the public confidence in the efficacy of law and society could not long under serious threat. It is therefore, the duty of every Court to award proper sentence having regard to the nature of the offence and the manner in which it was executed or committed etc.'

Keeping in view the said law laid down by Hon'ble Apex Court and the fact that the accused has not paid the amount of the said cheque to the complaint, nor made any such effort during trial, the Court is of the opinion that it is not a fit case to grant benefit of probation to the convict.

However, taking into consideration the plea of the convict, his antecedents and other facts of the case, a lenient view is taken in award of sentence to him; Thus, **the convict is sentenced to undergo rigorous imprisonment for a period of 2 years and to pay a fine of Rs. 5,000/- in default to make payment of fine, convict will further undergo rigorous imprisonment for a period of two month.**

The benefit of Section 428 Cr.P.C. is extended to the convict and the period detention, if already undergone by the convict, be set off.

File be consigned to Record Room.

3. ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੇ ਉਕਤ ਫੈਸਲੇ ਮਿਤੀ 08.06.2011 ਵਿਰੁੱਧ ਸ੍ਰੀ ਨਰਿੰਦਰਪਾਲ ਸਿੰਘ ਵੱਲੋਂ ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਮੋਗਾ ਸ਼੍ਰੀਮਤੀ ਸੁਖਵਿੰਦਰ ਕੌਰ ਦੀ ਅਦਾਲਤ ਵਿਖੇ ਕਰੀਮਿਨਲ ਅਪੀਲ ਦਾਇਰ ਕੀਤੀ ਗਈ। ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਵੱਲੋਂ ਅਪੀਲ ਦਾ ਫੈਸਲਾ ਮਿਤੀ 07.07.2011 ਨੂੰ ਕਰਦੇ ਹੋਏ ਨਿਮਨਲਿਖਤ ਅਨੁਸਾਰ ਹੁਕਮ ਕੀਤੇ ਗਏ ਹਨ :-

Appeal presented today. Heard. There are fairly arguable points involved in this appeal. As such it is admitted for hearing. Notice to the State and the respondent No. 2 be issued for 2.8.2011. Record from the trial court bed also summoned for next date.

Along with the main appeal. the applicant has also filed an application for suspension of sentence and for grant of bail. Heard. Disposal of the appeal may take some time. Fine has been paid. No useful purpose will be served by sending the appellant into custody till the disposal of the appeal. As such the substantial sentence awarded against the appellant is suspended on furnishing personal bond in the sum of 30,000/- with one surety in like amount to the satisfaction of the trail court/Duty Magistrate to the furnished within ten days. Bail bond/surety bond to be furnished before the trial court be also sent to this court along with record of the trial court. copy of this order be sent to the trial court.

Pronounced 07.7.2011

Sukhvinder Kaur
Additional Sessions Judge
Moga

4. ਮਾਨਯੋਗ ਅਦਾਲਤ ਦੇ ਉਕਤ ਹੁਕਮਾਂ ਤੋਂ ਸਪਸ਼ਟ ਹੈ ਕਿ ਸ੍ਰੀ ਨਰਿੰਦਰਪਾਲ ਸਿੰਘ ਮੈਥ ਮਾਸਟਰ ਸਰਕਾਰੀ ਸਰਕਾਰੀ ਹਾਈ ਸਕੂਲ ਬਹੋਨਾ (ਹੁਣ ਸ.ਹ.ਸ ਧੱਲੇ ਕੇ) ਜ਼ਿਲਾ ਮੋਗਾ ਨੂੰ ਦੋਸ਼-ਮੁਕਤ ਨਹੀਂ ਕੀਤਾ ਗਿਆ ।

5. ਸ੍ਰੀ ਨਰਿੰਦਰਪਾਲ ਸਿੰਘ ਮੈਥ ਮਾਸਟਰ ਸਰਕਾਰੀ ਹਾਈ ਸਕੂਲ ਬਹੋਨਾ (ਹੁਣ ਸ.ਹ.ਸ ਧੱਲੇ ਕੇ) ਜ਼ਿਲਾ ਮੋਗਾ ਵੱਲੋਂ ਉਕਤ ਕੀਤੇ ਗੰਭੀਰ ਅਪਰਾਧਾਂ ਅਤੇ ਉਨ੍ਹਾਂ ਬਾਰੇ ਉਸ ਮਾਨਯੋਗ ਅਦਾਲਤ ਵੱਲੋਂ ਉਕਤ ਅਨੁਸਾਰ ਦਿੱਤੀਆਂ ਸਜ਼ਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਸਾਰੇ ਪੱਖੋਂ ਗਹੁ ਨਾਲ ਵਿਚਾਰਦੇ ਹੋਏ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਅਜਿਹੇ ਕਰਮਚਾਰੀ ਨੂੰ ਸੇਵਾ ਵਿੱਚ ਰੱਖਣਾ ਲੋਕ ਹਿਤ ਵਿੱਚ ਨਹੀਂ ਹੈ। ਮੈਂ ਕਾਹਨ ਸਿੰਘ ਪੰਨੂ, ਆਈ.ਏ.ਐਸ, ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਸ੍ਰੀ ਸਰਕਾਰੀ ਹਾਈ ਸਕੂਲ ਬਹੋਨਾ (ਹੁਣ ਸ.ਹ.ਸ ਧੱਲੇ ਕੇ) ਜ਼ਿਲਾ ਮੋਗਾ ਨੂੰ ਨੌਕਰੀ ਤੇ ਰੱਖਣ ਅਤੇ ਕੱਢਣ ਦਾ ਅਧਿਕਾਰ ਰੱਖਦਾ ਹਾਂ। ਇਸ ਲਈ ਮੈਂ ਉਸ ਨੂੰ ਤਤਕਾਲ ਸਮੇਂ ਤੋਂ ਭਾਰਤੀ ਸੰਵਿਧਾਨ ਦੀ ਧਾਰਾ 311( ਦੀ ਪ੍ਰੋਵੀਜ਼ੋ 2(ਏ) ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ ) ਰੂਲਜ਼ 1970 ਨਾਲ ਪੜ੍ਹਦੇ ਹੋਏ ਸਰਕਾਰੀ ਸੇਵਾ ਤੋਂ ਬਰਖਾਸਤ (Dismiss) ~~ਕਰਦਾ~~ ਹਾਂ।

ਮਿਤੀ ਚੰਡੀਗੜ

ਕਾਹਨ ਸਿੰਘ ਪੰਨੂ, ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿਠ ਅੰਕਣ ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2012/200055। ਮਿਤੀ 22/01/2013

ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਮੋਗਾ ।
3. ਸਰਕਾਰੀ ਹਾਈ ਸਕੂਲ ਬਹੋਨਾ (ਹੁਣ ਸ.ਹ.ਸ ਧੱਲੇ ਕੇ) ਜ਼ਿਲਾ ਮੋਗਾ ।

ਸ੍ਰੀ ਨਰਿੰਦਰਪਾਲ ਸਿੰਘ, ਮੈਥ ਮਾਸਟਰ,

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-5015864-865,ਫੈਕਸ ਨੰ: 0172-2624687 ਈ.ਮੇਲ dgsepunjab18@gmail.com

ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2012/1000 581-583 ਮਿਤੀ 21/1/13

ਹੁਕਮ

1. ਸ੍ਰੀ ਸੁਰਿੰਦਰ ਕੁਮਾਰ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿੱਲੀ ਨਿਹਾਲ ਸਿੰਘ ਵਾਲਾ ਜ਼ਿਲਾ ਬਠਿੰਡਾ ਵਿਰੁੱਧ ਐਫ.ਆਈ.ਆਰ. ਨੰ: 34 ਮਿਤੀ 29/03/2009 U/S 376/506 of Indian Penal Code ਥਾਣਾ ਗਿੱਦੜਬਾਹਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਰਜ ਕੀਤੀ ਗਈ ਸੀ ਜਿਸ ਵਿੱਚ ਉਸ ਵਿਰੁੱਧ ਬਲਾਤਕਾਰ ਕਰਨ ਦਾ ਦੋਸ਼ ਸੀ।

2. ਸ੍ਰੀ ਜੇ.ਐਸ. ਕਲਾਰ, ਮਾਨਯੋਗ ਸੈਸ਼ਨ ਜੱਜ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਇਸ ਕੇਸ ਵਿੱਚ ਮਿਤੀ 04.06.2012 ਨੂੰ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਸਨ:

> I have heard the convict Surinder Kumar on the point of quantum of sentence. He has prayed for lenience on the ground that his father has expired and his mother is aged and ill. That he has to take care of his family. He has prayed for lenience being government employee. Considering the facts and circumstances of the case and the plea of convict for lenience, the convict is sentenced as under by this Court:-
>
> Offence U/S 376 IPC:
>
> The convict is sentenced to seven years' rigorous imprisonment fro the offence under Section 376 IPC and fine of Rs. 10,000/- is also imposed on him and in default of payment of fine, he shall further undergo six months' rigorous imprisonment, thereunder.
>
> Offence U/S 506 IPC
>
> The convict is sentenced to two years' rigorous imprisonment for the offence under Section 506 IPC and fine of Rs. 1000/- is also imposed on him and in default of payment of fine, he shall further undergo one month's rigorous imprisonment, thereunder
>
> The period of detention, if any, already undergone by the convict during investigation and trial of this case be set off against the above sentences. All the sentences of imprisonments shall run concurrently. Case property, if any; in this case be disposed of under rules after expiry of period of appeal or revision, if any. File be consigned to record room.

3. ਮਾਨਯੋਗ ਅਦਾਲਤ ਦੇ ਉਕਤ ਹੁਕਮਾਂ ਤੋਂ ਸਪਸ਼ਟ ਹੈ ਕਿ ਸ੍ਰੀ ਸੁਰਿੰਦਰ ਕੁਮਾਰ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿੱਲੀ ਨਿਹਾਲ ਸਿੰਘ ਵਾਲਾ ਜ਼ਿਲਾ ਬਠਿੰਡਾ ਸਜ਼ਾ-ਯਾਫਤਾ ਕਰਮਚਾਰੀ ਹੈ ਅਤੇ ਇਸ ਸਮੇਂ ਸਜ਼ਾ ਭੁਗਤ ਰਿਹਾ ਹੈ ।

4. ਸ੍ਰੀ ਸੁਰਿੰਦਰ ਕੁਮਾਰ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿੱਲੀ ਨਿਹਾਲ ਸਿੰਘ ਵਾਲਾ ਜ਼ਿਲਾ ਬਠਿੰਡਾ ਵੱਲੋਂ ਉਕਤ ਕੀਤੇ ਗੰਭੀਰ ਅਪਰਾਧਾਂ ਅਤੇ ਉਨ੍ਹਾਂ ਬਾਰੇ ਉਸ ਮਾਨਯੋਗ ਅਦਾਲਤ ਵੱਲੋਂ ਉਕਤ ਅਨੁਸਾਰ ਦਿੱਤੀਆਂ ਸਜ਼ਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਸਾਰੇ ਪੱਖੋਂ ਗਹੁ ਨਾਲ ਵਿਚਾਰਦੇ ਹੋਏ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਅਜਿਹੇ ਕਰਮਚਾਰੀ ਨੂੰ ਸੇਵਾ ਵਿੱਚ ਰੱਖਣਾ ਲੋਕ ਹਿਤ ਵਿੱਚ ਨਹੀਂ ਹੈ। ਮੈਂ ਕਾਹਨ ਸਿੰਘ ਪੰਨੂ, ਆਈ.ਏ.ਐਸ, ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਸ੍ਰੀ ਸੁਰਿੰਦਰ ਕੁਮਾਰ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿੱਲੀ ਨਿਹਾਲ ਸਿੰਘ ਵਾਲਾ ਜ਼ਿਲਾ ਬਠਿੰਡਾ ਨੂੰ ਨੌਕਰੀ ਤੇ ਰੱਖਣ ਅਤੇ ਕੱਢਣ ਦਾ ਅਧਿਕਾਰ ਰੱਖਦਾ ਹਾਂ। ਇਸ ਲਈ ਮੈਂ ਉਸ ਨੂੰ ਤਤਕਾਲ ਸਮੇਂ ਤੋਂ ਭਾਰਤੀ ਸੰਵਿਧਾਨ ਦੀ ਧਾਰਾ 311( ਦੀ ਪ੍ਰੋਵੀਜ਼ੋ 2(ਏ) ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ ) ਰੂਲਜ਼ 1970 ਨਾਲ ਪੜ੍ਹਦੇ ਹੋਏ ਸਰਕਾਰੀ ਸੇਵਾ ਤੋਂ ਬਰਖਾਸਤ (Dismiss) ਕਰਦਾ ਹਾਂ।

ਕਾਹਨ ਸਿੰਘ ਪੰਨੂ, ਆਈ.ਏ.ਐਸ

ਮਿਤੀ ਚੰਡੀਗੜ੍ਹ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿਠ ਅੰਕਣ ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2012/ ਮਿਤੀ 25|1|13

ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਬਠਿੰਡਾ ।
3. ਸ੍ਰੀ ਸੁਰਿੰਦਰ ਕੁਮਾਰ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿੱਲੀ ਨਿਹਾਲ ਸਿੰਘ ਵਾਲਾ ਜ਼ਿਲਾ ਬਠਿੰਡਾ ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ. ਏ. ਐਸ. ਨਗਰ
(ਦਫਤਰੀ ਅਮਲਾ ਸ਼ਾਖਾ)

ਹੁਕਮ ਨੰ:5/24-2013ਦਅ(2)
ਮਿਤੀ:23.01.2013

ਸ਼੍ਰੀ ਗੁਰਿੰਦਰ ਸਿੰਘ, ਕਲੱਰਕ, ਸਸਸਸ ਸਰਦੂਲਗੜ੍ਹ (ਮਾਨਸਾ), ਹੁਣ ਸਸਸਸ ਨੂਰ ਮਹਿਲ(ਜਲੰਧਰ) ਵਿਰੁੱਧ ਐਫ.ਆਈ.ਆਰ. ਨੰ: 30 ਮਿਤੀ 08.11.2005 ਅ/ਧ 467,468,471,409, 120-ਬੀ.ਆਈ.ਪੀ.ਸੀ ਅਤੇ ਧਾਰਾ 13(1)ਡੀ.ਰੈਡ.ਵਿਦ 13(2) ਪੀ.ਸੀ.ਐਕਟ 1988 ਥਾਣਾ ਵਿਜੀਲੈਂਸ ਬਿਊਰੋ ਬਠਿੰਡਾ ਦਰਜ ਹੋਈ ਸੀ ਜਿਸ ਵਿੱਚ ਕਰਮਚਾਰੀ ਵਿਰੁੱਧ ਪ੍ਰੀਖਿਆਵਾਂ ਸਤੰਬਰ 2003 ਵਿੱਚ ਬਾਰ੍ਹਵੀਂ ਜਮਾਤ ਦੀਆਂ ਉੱਤਰ ਪੱਤਰੀਆਂ ਗੁੰਮ ਕਰਨ ਦਾ ਦੋਸ਼ ਸੀ।

ਮਾਨਯੋਗ ਸਪੈਸ਼ਲ ਜੱਜ ਮਾਨਸਾ ਦੀ ਅਦਾਲਤ ਵੱਲੋਂ ਇਸ ਕਰਮਚਾਰੀ ਨੂੰ ਮਿਤੀ 21.01.2011 ਨੂੰ ਕੇਸ ਦਾ ਫੈਸਲਾ ਦਿੰਦੇ ਹੋਏ ਇੱਕ ਸਾਲ ਦੀ ਕੈਦ ਅਤੇ 5000/-ਰੁ: ਜੁਰਮਾਨਾ ਕੀਤਾ ਹੈ, ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿੱਚ 15 ਦਿਨਾਂ ਦੀ ਹੋਰ ਸਜਾ ਕੱਟਣ ਦੇ ਆਦੇਸ਼ ਵੀ ਦਿੱਤੇ ਹਨ। ਇਸ ਫੈਸਲੇ ਵਿਰੁੱਧ ਕਰਮਚਾਰੀ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਕਰੀਮੀਨਲ ਮਿਸਲੇਨੀਅਸ ਅਪੀਲ ਨੰ: 354-ਐਸ.ਬੀ ਆਫ 2011 ਦਾਇਰ ਕੀਤੀ ਗਈ ਅਤੇ ਸਜਾ ਤੇ ਰੋਕ ਲਗਾਉਣ ਸਬੰਧੀ ਕਰੀਮੀਨਲ ਮਿਸਲੇਨੀਅਸ ਨੰ:7022-23 ਆਫ 2011 ਦਾਇਰ ਕੀਤੀ ਗਈ ਸੀ। ਮਾਨਯੋਗ ਹਾਈ ਕੋਰਟ ਵੱਲੋਂ ਇਸ ਕੇਸ ਦਾ ਫੈਸਲਾ ਮਿਤੀ 14.02.2011 ਨੂੰ ਕਰਦੇ ਹੋਏ ਇਸ ਕਰਮਚਾਰੀ ਦੀ ਸਜਾ ਸਸਪੈਂਡ ਕੀਤੀ ਗਈ ਹੈ, ਕਾਦਾ ਇਸ ਨੂੰ ਦੋਸ਼ ਮੁਕਤ ਨਹੀਂ ਕੀਤਾ ਗਿਆ।

ਇਸ ਕਰਮਚਾਰੀ ਨੂੰ ਭਾਰਤੀ ਦੰਡਾਂ-ਵਲੀ 40 ਏ. ਅਧੀਨ ਸਜਾ ਸੁਣਾਈ ਗਈ ਹੈ, ਕਿਉਂ ਕਿ ਕਰਮਚਾਰੀ ਨੂੰ ਹੇਰਾ-ਫੇਰੀ ਕਰਨ ਅਤੇ ਸਰਕਾਰੀ ਰਿਕਾਰਡ ਦੀ ਭੰਨ-ਤੋੜ/ਗੁੰਮ ਕਰਨ ਵਰਗੇ ਸੰਗੀਨ ਜੁਰਮਾਂ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਸ ਲਈ ਉਸ ਨੂੰ ਸਰਕਾਰੀ ਸੇਵਾ ਵਿੱਚ ਚਾਲੂ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 13.1 ਤਹਿਤ ਮੇਰੀ ਤਸੱਲੀ ਹੋ ਗਈ ਹੈ ਕਿ ਫੌਜਦਾਰੀ ਮੁਕੱਦਮੇਂ ਵਿੱਚ ਕਰਮਚਾਰੀ ਦੇ ਆਚਰਨ ਕਾਰਨ ਉਸ ਨੂੰ ਸੰਗੀਨ ਜੁਰਮਾਂ ਵਿੱਚ ਦੋਸ਼ੀ ਠਹਿਰਾਏ ਜਾਣ ਕਾਰਨ ਉਸ ਨੂੰ ਸਜਾ ਦੇਣ ਤੋਂ ਪਹਿਲਾਂ ਉਪਰੋਕਤ ਨਿਯਮਾਂ ਦੇ ਨਿਯਮ 8 ਅਧੀਨ ਹੋਰ ਵਿਭਾਗੀ ਪੜਤਾਲ ਕਰਵਾਉਣ ਦੀ ਕੋਈ ਜਰੂਰਤ ਨਹੀਂ ਹੈ। ਇਨ੍ਹਾਂ ਕਾਰਨਾਂ ਕਰਕੇ ਸ਼੍ਰੀ ਗੁਰਿੰਦਰ ਸਿੰਘ, ਕਲੱਰਕ ਹੁਣ ਸਸਸਸ ਨੂਰ ਮਹਿਲ (ਜਲੰਧਰ) ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮ 1970 ਦੇ ਰੂਲ 5(ix) ਤਹਿਤ ਵਾਹਿਦ ਸਜਾ ਦਿੰਦੇ ਹੋਏ ਤੁੱਤਕਾਲ ਸੇਵਾ ਤੋਂ ਬਰਖਾਸਤ ਕੀਤਾ ਜਾਂਦਾ ਹੈ ਅਤੇ ਕਰਮਚਾਰੀ ਨੂੰ ਭਵਿੱਖ ਵਿੱਚ ਕੋਈ ਵੀ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਅਯੋਗ ਠਹਿਰਾਇਆ ਜਾਂਦਾ ਹੈ।

ਡਾ. ਕਮਲ ਕੁਮਾਰ
ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿੱ.) ਪੰਜਾਬ

ਪਿੱਠ ਅੰਕਣ ਨੰ: ਉਕਤ 457-60 ਮਿਤੀ:23.01.2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ, ਸਕੂਲ ਸਿੱਖਿਆ, ਪੰਜਾਬ, ਸੈਕਟਰ-34, ਚੰਡੀਗੜ੍ਹ।
2. ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਮਾਨਸਾ ਅਤੇ ਜਲੰਧਰ
3. ਸ੍ਰੀ ਗੁਰਿੰਦਰ ਸਿੰਘ, ਕਲੱਰਕ, ਸਸਸਸ ਸਰਦੂਲਗੜ੍ਹ (ਮਾਨਸਾ) ਹੁਣ ਸਸਸਸ ਨੂਰ ਮਹਿਲ (ਜਲੰਧਰ)

ਅਮਲਾ ਅਫਸਰ
24/1/2013

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.),ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8,ਐਸ. ਏ. ਐਸ. ਨਗਰ
(ਦਫਤਰੀ ਅਮਲਾ ਸ਼ਾਖਾ)

ਹੁਕਮ ਨੰ:5/1-2005ਦਅ(5)
ਮਿਤੀ:23.01.2013

ਸ਼੍ਰੀ ਅਰਵਿੰਦ ਕੁਮਾਰ, ਕਲੱਰਕ, ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ, ਹੁਣ ਸਸਸਸ ਕਲਿਆਣ(ਸੰਗਰੂਰ) ਵਿਰੁੱਧ ਐਫ.ਆਈ.ਆਰ. ਨੰ: 109 ਮਿਤੀ 13.09.2004 ਥਾਣਾ ਬੱਸੀ ਪਠਾਣਾਂ(ਫਤਿਹਗੜ੍ਹ ਸਾਹਿਬ ) ਵਿਖੇ ਦਰਜ ਹੋਈ ਸੀ।ਮਾਨਯੋਗ ਚੀਫ ਜੁਡੀਸ਼ਅਲ ਮੈਜਿਸਟਰੇਟ ਫਤਿਹਗੜ੍ਹ ਸਾਹਿਬ ਮਿਸ ਬਲਜਿੰਦਰ ਸਿੱਧੂ ਦੀ ਅਦਾਲਤ ਵੱਲੋਂ ਮਿਤੀ 12.04.2012 ਨੂੰ ਦੋ ਸਾਲ ਦੀ ਕੈਦ ਅਤੇ 1000/ ਰੁ: ਜੁਰਮਾਨਾ ਕੀਤਾ ਸੀ।

ਇਸ ਕਰਮਚਾਰੀ ਨੂੰ ਭਾਰਤੀ ਦੰਡਾਂਵਲੀ ਦੀ ਧਾਰਾ 409,467,468,471,420,120 ਬੀ ਆਈ ਪੀ ਸੀ ਦੇ ਅਧੀਨ ਸਜਾ ਸੁਣਾਈ ਗਈ ਹੈ। ਕਿਉਂ ਜੋ ਕਰਮਚਾਰੀ ਨੂੰ ਹੇਰਾ ਫੇਰੀ ਕਰਨ ਅਤੇ ਸਰਕਾਰੀ ਰਿਕਾਰਡ ਨਾਲ ਛੇੜ ਛਾੜ ਕਰਨ ਵਰਗੇ ਸੰਗੀਨ ਜੁਰਮਾਂ ਦਾ ਦੋਸ਼ੀ ਠਹਿਰਾਇਆ ਗਿਆ ਹੈ,ਇਸ ਲਈ ਉਸ ਨੂੰ ਸਰਕਾਰੀ ਸੇਵਾ ਵਿੱਚ ਚਾਲੂ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 13(i) ਤਹਿਤ ਮੇਰੀ ਤਸੱਲੀ ਹੋ ਗਈ ਹੈ ਕਿ ਫੌਜਦਾਰੀ ਮੁਕੱਦਮੇਂ ਵਿੱਚ ਕਰਮਚਾਰੀ ਦੇ ਆਚਰਨ ਕਾਰਨ ਉਸ ਨੂੰ ਸੰਗੀਨ ਜੁਰਮਾਂ ਵਿੱਚ ਦੋਸ਼ੀ ਠਹਿਰਾਏ ਜਾਣ ਕਾਰਨ ਉਸ ਨੂੰ ਸਜਾ ਦੇਣ ਤੋਂ ਪਹਿਲਾਂ ਉਪਰੋਕਤ ਨਿਯਮਾਂ ਦੇ ਨਿਯਮ 8 ਅਧੀਨ ਹੋਰ ਵਿਭਾਗੀ ਪੜਤਾਲ ਕਰਵਾਉਣ ਦੀ ਕੋਈ ਜਰੂਰਤ ਨਹੀਂ ਹੈ। ਇਨ੍ਹਾਂ ਕਾਰਨਾਂ ਕਰਕੇ ਸ਼੍ਰੀ ਅਰਵਿੰਦ ਕੁਮਾਰ, ਕਲੱਰਕ, ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ, ਹੁਣ ਸਸਸਸ ਕਲਿਆਣ(ਸੰਗਰੂਰ) ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮ 1970 ਦੇ ਰੂਲ 5(ix) ਤਹਿਤ ਵਰਣਿਤ ਸਜਾ ਦਿੰਦੇ ਹੋਏ ਤੱਤਕਾਲ ਸੇਵਾ ਤੋਂ ਬਰਖਾਸਤ ਕੀਤਾ ਜਾਂਦਾ ਹੈ ਅਤੇ ਕਰਮਚਾਰੀ ਨੂੰ ਭਵਿੱਖ ਵਿੱਚ ਕੋਈ ਵੀ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਅਯੋਗ ਠਹਿਰਾਇਆ ਜਾਂਦਾ ਹੈ।

ਡਾ. ਕਮਲ ਕੁਮਾਰ
ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿੱ.) ਪੰਜਾਬ

ਪਿੱਠ ਅੰਕਣ ਨੰ: ਉਕਤ 415-17 ਮਿਤੀ: 23.01.2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ,ਸਕੂਲ ਸਿੱਖਿਆ,ਪੰਜਾਬ, ਸੈਕਟਰ-34, ਚੰਡੀਗੜ੍ਹ।
2. ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਫਤਿਹਗੜ੍ਹ ਸਾਹਿਬ/ਸੰਗਰੂਰ
3. ਸ਼੍ਰੀ ਅਰਵਿੰਦ ਕੁਮਾਰ, ਕਲੱਰਕ, ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ, ਹੁਣ ਸਸਸਸ ਕਲਿਆਣ(ਸੰਗਰੂਰ)

23/1/2013

ਅਮਲਾ ਅਫਸਰ

ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.),ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8,ਐਸ. ਏ. ਐਸ. ਨਗਰ
(ਦਫਤਰੀ ਅਮਲਾ ਸ਼ਾਖਾ)

ਹੁਕਮ ਨੰ:5/1-2005ਦਅ(5)
ਮਿਤੀ:23.01.2013

ਸ਼੍ਰੀ ਤੇਜਿੰਦਰਪਾਲ ਸਿੰਘ, ਐਸ.ਐਲ.ਏ., ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ ਵਿਰੁੱਧ ਐਫ.ਆਈ.ਆਰ. ਨੰ:109 ਮਿਤੀ13.09.2004 ਥਣਾ ਬੱਸੀ ਪਠਾਣਾਂ(ਫਤਿਹਗੜ੍ਹ ਸਾਹਿਬ) ਵਿਖੇ ਦਰਜ ਹੋਈ ਸੀ। ਮਾਨਯੋਗ ਚੀਫ ਜੁਡੀਸ਼ਅਲ ਮੈਜਿਸਟਰੇਟ ਫਤਿਹਗੜ੍ਹ ਸਾਹਿਬ ਮਿਸ ਬਲਜਿੰਦਰ ਸਿੰਘ ਦੀ ਅਦਾਲਤ ਵੱਲੋਂ ਮਿਤੀ 12.04.2012 ਨੂੰ ਦੋ ਸਾਲ ਦੀ ਕੈਦ ਅਤੇ 1000/-ਰੁ: ਜੁਰਮਾਨਾ ਕੀਤਾ ਸੀ।

ਇਸ ਕਰਮਚਾਰੀ ਨੂੰ ਭਾਰਤੀ ਦੰਡਾਂਵਲੀ ਦੀ ਧਾਰਾ 409,467,468,471,420,120 ਬੀ ਆਈ ਪੀ ਸੀ ਦੇ ਅਧੀਨ ਸਜਾ ਸੁਣਾਈ ਗਈ ਹੈ। ਕਿਉ ਜੋ ਕਰਮਚਾਰੀ ਨੂੰ ਹੇਰਾ ਫੇਰੀ ਕਰਨ ਅਤੇ ਸਰਕਾਰੀ ਰਿਕਾਰਡ ਨਾਲ ਭੰਨ ਤੋੜ ਕਰਨ ਵਰਗੇ ਸੰਗੀਨ ਜੁਰਮਾਂ ਦਾ ਦੋਸ਼ੀ ਠਹਿਰਾਇਆ ਗਿਆ ਹੈ,ਇਸ ਲਈ ਉਸ ਨੂੰ ਸਰਕਾਰੀ ਸੇਵਾ ਵਿੱਚ ਚਾਲੂ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 13(i) ਤਹਿਤ ਮੇਰੀ ਤਸੱਲੀ ਹੋ ਗਈ ਹੈ ਕਿ ਫੌਜਦਾਰੀ ਮੁਕੱਦਮੇਂ ਵਿੱਚ ਕਰਮਚਾਰੀ ਦੇ ਆਚਰਨ ਕਾਰਨ ਉਸ ਨੂੰ ਸੰਗੀਨ ਜੁਰਮਾਂ ਵਿੱਚ ਦੋਸ਼ੀ ਠਹਿਰਾਏ ਜਾਣ ਕਾਰਨ ਉਸ ਨੂੰ ਸਜਾ ਦੇਣ ਤੋਂ ਪਹਿਲਾਂ ਉਪਰੋਕਤ ਨਿਯਮਾਂ ਦੇ ਨਿਯਮ 8 ਅਧੀਨ ਹੋਰ ਵਿਭਾਗੀ ਪੜਤਾਲ ਕਰਵਾਉਣ ਦੀ ਕੋਈ ਜਰੂਰਤ ਨਹੀਂ ਹੈ। ਇਨ੍ਹਾਂ ਕਾਰਨਾਂ ਕਰਕੇ ਸ਼੍ਰੀ ਤੇਜਿੰਦਰਪਾਲ ਸਿੰਘ, ਐਸ.ਐਲ.ਏ., ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮ 1970 ਦੇ ਰੂਲ 5(ix) ਤਹਿਤ ਵਰਜਿਤ ਸਜਾ ਦਿੰਦੇ ਹੋਏ ਤੱਤਕਾਲ ਸੇਵਾ ਤੋਂ ਬਰਖਾਸਤ ਕੀਤਾ ਜਾਂਦਾ ਹੈ ਅਤੇ ਕਰਮਚਾਰੀ ਨੂੰ ਭਵਿੱਖ ਵਿੱਚ ਕੋਈ ਵੀ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਅਯੋਗ ਠਹਿਰਾਇਆ ਜਾਂਦਾ ਹੈ।

ਡਾ. ਕਮਲ ਕੁਮਾਰ
ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿੱ.) ਪੰਜਾਬ

ਪਿੱਠ ਅੰਕਣ ਨੰ: ਉਕਤ 418-20 ਮਿਤੀ:23.01.2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ,ਸਕੂਲ ਸਿੱਖਿਆ,ਪੰਜਾਬ, ਸੈਕਟਰ-34, ਚੰਡੀਗੜ੍ਹ।
2. ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਫਤਿਹਗੜ੍ਹ ਸਾਹਿਬ
3. ਸ਼੍ਰੀ ਤੇਜਿੰਦਰਪਾਲ ਸਿੰਘ, ਐਸ.ਐਲ.ਏ., ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ

23/1/2013
ਅਮਲਾ ਅਫਸਰ